ਸਤੰਬਰ 2018

ਪਿਆਰੇ ਪਰਿਵਾਰ ਜੀਓ,

ਵਿੱਦਿਆਰਥੀਆਂ ਦੀ ਰਾਏ ਸਾਡੇ ਲਈ ਮਹੱਤਵਪੂਰਣ ਹੈ। ਨਵੰਬਰ 2018 ਵਿੱਚ, York Region District School Board ਵੱਲੋਂ ***Every Student Counts Survey (ESCS)*** ਵਿੱਚ ਹਿੱਸਾ ਲੈਣ ਦਾ ਸੱਦਾ ਦੇਵੇਗਾ। ਇਸ ਜਨਗਣਨਾ ਸਰਵੇਖਣ ਦਾ ਮੰਤਵ YRDSB ਦੀ ਵਿਭਿੰਨਤਾ ਭਰੀ ਵਿੱਦਿਆਰਥੀ ਵੱਸੋਂ ਨੂੰ ਬਿਹਤਰ ਜਾਨਣਾ ਅਤੇ ਵਿੱਦਿਆਰਥੀਆਂ ਦੇ ਸਕੂਲ ਦੇ ਅੰਦਰ ਅਤੇ ਸਕੂਲ ਤੋਂ ਬਾਹਰ ਦੇ ਅਨੁਭਵਾਂ ਬਾਰੇ ਜਾਨਣਾ ਹੈ। ਸਰਵੇਖਣ ਦੇ ਨਤੀਜਿਆਂ ਨੂੰ ਸਾਡੇ ਸਕੂਲਾਂ ਵਿੱਚ ਸੁਧਾਰ ਲਿਆਉਣ ਅਤੇ ਹੇਠ ਲਿਖਿਆਂ ਲਈ ਵਰਤਿਆ ਜਾਵੇਗਾ:

- ਵਿੱਦਿਆਰਥੀਆਂ ਦੀ ਸਫਲਤਾ ਵਿੱਚ ਸੰਸਥਾਤਮਕ ਅੜਿੱਕਿਆਂ ਦੀ ਸ਼ਨਾਖਤ ਕਰਨੀ ਅਤੇ ਉਹਨਾਂ ਨੂੰ ਦੂਰ ਕਰਨਾ
- ਸਕੂਲ ਵਿੱਚ ਵਧੇਰੇ ਨਿਆਂਸੰਗਤ ਅਤੇ ਸ਼ਮੂਲੀਅਤ ਭਰਿਆ ਮਾਹੌਲ ਪੈਦਾ ਕਰਨਾ
- ਵਿੱਦਿਆਰਥੀ ਦੀ ਪ੍ਰਾਪਤੀ ਅਤੇ ਸਲਾਮਤੀ ਨੂੰ ਸੁਧਾਰਨਾ

ਬੋਰਡ ਵੱਲੋਂ CCI Research ਨਾਲ ਸਰਵੇਖਣ ਕਰਨ, ਅੰਕੜਿਆਂ ਦੀ ਗੋਪਨੀਅਤਾ, ਸੁਰੱਖਿਆ ਅਤੇ ਸਾਰੇ ਸਬੰਧਿਤ ਕਨੂੰਨਾਂ ਦੀ ਪਾਲਣਾ ਕਰਨ ਲਈ ਇਕਰਾਰਨਾਮਾ ਕੀਤਾ ਗਿਆ ਹੈ। ਇਹ ਯਕੀਨੀ ਬਣਾਉਣ ਲਈ ਕਿ ਸਰਵੇਖਣ ਉਮਰ ਮੁਤਾਬਕ ਸਹੀ ਹੋਣ, ਦੋ ਸਰਵੇਖਣ ਤਿਆਰ ਕੀਤੇ ਗਏ ਹਨ। ਸਰਵੇਖਣ ਵਿੱਚ ਹਿੱਸਾ ਲੈਣਾ ਸਵੈਇੱਛਕ ਹੈ ਅਤੇ ਗੁਪਤ ਰੱਖਿਆ ਜਾਵੇਗਾ।

**ਕਿੰਡਰਗਾਰਟਨ ਤੋਂ ਗਰੇਡ 6 ਦੇ ਵਿੱਦਿਆਰਥੀਆਂ ਲਈ ਸਰਵੇਖਣ**

ਕਿੰਡਰਗਾਰਟਨ ਤੋਂ ਗਰੇਡ 6 ਦੇ ਬੱਚੇ ਵਾਲੇ ਪਰਿਵਾਰਾਂ ਨੂੰ ਸਰਵੇਖਣ ਆਨਲਾਈਨ ਪੂਰਾ ਕਰਨ ਦਾ ਸੱਦਾ ਦਿੱਤਾ ਜਾਵੇਗਾ ਜਦੋਂ ਉਹਨਾਂ ਦਾ ਬੱਚਾ ਘਰ ਹੋਵੇਗਾ। ਨਵੰਬਰ ਵਿੱਚ, ਸਕੂਲ ਤੋਂ ਇੱਕ ਪੱਤਰ ਭੇਜਿਆ ਜਾਵੇਗਾ ਜਿਸ ਵਿੱਚ ਹਦਾਇਤਾਂ ਸਮੇਤ ਆਨਲਾਈਨ ਸਰਵੇਖਣ ਭਰਨ ਲਈ ਲਿੰਕ ਹੋਵੇਗਾ। ਜਿਹਨਾਂ ਪਰਿਵਾਰਾਂ ਦੇ ਇੱਕ ਤੋਂ ਵੱਧ ਬੱਚੇ ਕਿੰਡਰਗਾਰਟਨ ਤੋਂ ਗਰੇਡ 6 ਤੱਕ ਪੜ੍ਹਦੇ ਹਨ ਉਹਨਾਂ ਨੂੰ ਹਰ ਬੱਚੇ ਲਈ ਇੱਕ ਵੱਖਰਾ ਸਰਵੇਖਣ ਭਰਨ ਲਈ ਕਿਹਾ ਜਾਵੇਗਾ। ਆਨਲਾਈਨ ਸਰਵੇਖਣ ਅੰਗਰੇਜ਼ੀ, ਸਾਧਾਰਨ ਚੀਨੀ, ਰਿਵਾਇਤੀ ਚੀਨੀ, ਫਾਰਸੀ, ਗੁਜਰਾਤੀ, **ਹੀਬ੍ਰੂ**, ਕੋਰੀਅਨ, ਪੰਜਾਬੀ, ਰੂਸੀ, ਤਾਮਿਲ, ਉਰਦੂ, ਵੀਅਤਨਾਮੀ ਵਿੱਚ ਉਪਲਬਧ ਹੋਵੇਗਾ। ਜੇ ਉਪਲੱਬਧਤਾ ਕਾਰਣਾਂ ਕਰਕੇ ਤੁਹਾਨੂੰ ਸਰਵੇਖਣ ਕਾਗਜ਼ ਉੱਤੇ, ਵੱਡੇ ਪ੍ਰਿੰਟ ਜਾਂ ਬਰੇਲ ਵਿੱਚ ਚਾਹੀਦਾ ਹੈ ਤਾਂ ਕ੍ਰਿਪਾ ਕਰਕੇ CCI Research ਨਾਲ **9 ਅਕਤੂਬਰ 2018 ਤੋਂ ਪਹਿਲਾਂ** 1-866-450-4907 ਉੱਤੇ ਸੰਪਰਕ ਕਰੋ।

**ਗਰੇਡ 7 – 12 ਦੇ ਵਿੱਦਿਆਰਥੀਆਂ ਲਈ ਸਰਵੇਖਣ**

ਨਵੰਬਰ ਵਿੱਚ ਗਰੇਡ 7 – 12 ਵਿੱਚ ਪੜ੍ਹਦੇ ਸਾਰੇ ਵਿੱਦਿਆਰਥੀਆਂ ਨੂੰ ਕਲਾਸ ਵਿੱਚ ਆਨਲਾਈਨ ਸਰਵੇਖਣ ਭਰਨ ਦਾ ਸੱਦਾ ਦਿੱਤਾ ਜਾਵੇਗਾ। ਆਨਲਾਈਨ ਸਰਵੇਖਣ ਅੰਗਰੇਜ਼ੀ, ਸਾਧਾਰਨ ਚੀਨੀ, ਰਿਵਾਇਤੀ ਚੀਨੀ, ਫਾਰਸੀ, ਰੂਸੀ, ਤਾਮਿਲ, ਉਰਦੂ, ਵਿੱਚ ਉਪਲਬਧ ਹੋਵੇਗਾ। **ਉਪਲੱਬਧਤਾ ਕਾਰਣਾਂ ਕਰਕੇ ਸਰਵੇਖਣ ਕਾਗਜ਼ ਉੱਤੇ, ਵੱਡੇ ਪ੍ਰਿੰਟ ਜਾਂ ਬਰੇਲ ਵਿੱਚ ਵੀ ਉਪਲਬਧ ਹੋਵੇਗਾ**। ਜਿਹੜੇ ਵਿੱਦਿਆਰਥੀਆਂ ਨੂੰ ਸਰਵੇਖਣ ਭਰਨ ਵਿੱਚ ਮਦਦ ਦੀ ਲੋੜ ਹੈ, ਸਕੂਲ ਸਟਾਫ ਵੱਲੋਂ ਉਸਦਾ ਇੰਤਜ਼ਾਮ ਅਗਾਊਂ ਕੀਤਾ ਹੋਵੇਗਾ। ਸਰਵੇਖਣ ਵਿੱਚ ਹਿੱਸਾ ਲੈਣਾ ਸਵੈਇੱਛਕ ਹੈ। ਵਿੱਦਿਆਰਥੀ ਉਹਨਾਂ ਪ੍ਰਸ਼ਨਾਂ ਨੂੰ ਛੱਡ ਸਕਦੇ ਹਨ ਜਿਹਨਾਂ ਦੇ ਜਵਾਬ ਉਹ ਨਹੀਂ ਦੇਣਾ ਚਾਹੁੰਦੇ। ਜੇ ਤੁਸੀਂ ਗਰੇਡ 7-12 ਦੇ ਬੱਚੇ (ਬੱਚਿਆਂ) ਦੇ ਮਾਪੇ/ਸਰਪ੍ਰਸਤ ਹੋ ਅਤੇ **ਨਹੀਂ** ਚਾਹੁੰਦੇ ਕਿ ਉਹ ਸਰਵੇਖਣ ਵਿੱਚ ਹਿੱਸਾ ਲੈਣ, ਕ੍ਰਿਪਾ ਕਰਕੇ CCI Research ਨਾਲ **9 ਅਕਤੂਬਰ 2018 ਤੋਂ ਪਹਿਲਾਂ** 1-866-450-4907 ਉੱਤੇ ਸੰਪਰਕ ਕਰੋ।

ਕਿਉਂਕਿ ਸਰਵੇਖਣ ਦੇ ਮੁੱਖ ਮੰਤਵਾਂ ਵਿੱਚੋਂ ਇੱਕ ਵਿੱਦਿਆਰਥੀ ਦੀ ਪ੍ਰਾਪਤੀ ਵਿੱਚ ਰੁਕਾਵਟਾਂ ਦੀ ਸ਼ਨਾਖਤ ਕਰਨਾ ਅਤੇ ਦੂਰ ਕਰਨਾ ਹੈ, YRDSB ਲਈ ਸਰਵੇਖਣ ਅੰਕੜਿਆਂ ਨੂੰ ਵਿੱਦਿਆਰਥੀ ਦੇ ਅੰਕੜਿਆਂ ਨਾਲ ਜੋੜਨ ਵਾਸਤੇ ਹਰੇਕ ਸਰਵੇਖਣ ਉੱਤੇ ਇੱਕ ਵਿੱਲਖਣ ਕੋਡ ਦਿੱਤਾ ਜਾਵੇਗਾ। ਗੁਪਤਤਾ ਯਕੀਨੀ ਬਣਾਉਣ ਲਈ, ਸਿੱਧੇ ਰੂਪ ਵਿੱਚ ਸ਼ਨਾਖਤ ਕਰਨ ਵਾਲੀ ਜਾਣਕਾਰੀ (ਜਿਵੇਂ ਕਿ ਤੁਹਾਡੇ ਬੱਚੇ ਦਾ ਨਾਮ) ਸਰਵੇਖਣ ਉੱਤੇ ਨਹੀਂ ਪਾਈ ਜਾਵੇਗੀ। ਨਤੀਜਿਆਂ ਦਾ ਸਾਰ (ਸਿਰਫ਼ ਗਰੁੱਪ ਕੀਤੇ ਅੰਕੜੇ) ਸਕੂਲਾਂ ਅਤੇ ਬੋਰਡ ਦੀ ਵੈੱਬਸਾਈਟ ਉੱਤੇ 2019 ਦੀ ਬਸੰਤ ਰੁੱਤ ਵਿੱਚ ਉਪਲਬਧ ਹੋਵੇਗਾ।

ਜੇ ਸਰਵੇਖਣ ਬਾਰੇ ਤੁਹਾਡੇ ਕੋਈ ਸੁਆਲ ਹੋਣ, ਕ੍ਰਿਪਾ ਕਰਕੇ ਆਪਣੇ ਸਕੂਲ ਪ੍ਰਿੰਸੀਪਲ ਨਾਲ ਸੰਪਰਕ ਕਰੋ। ਸਰਵੇਖਣ ਬਾਰੇ ਵਧੇਰੇ ਜਾਣਕਾਰੀ (ਮਿਸਾਲ ਵਜੋਂ ਅਕਸਰ ਪੁੱਛੇ ਜਾਣ ਵਾਲੇ ਸੁਆਲ ਅਤੇ ਸਰਵੇਖਣ ਸੁਆਲ) www.yrdsb.ca/escs ਉੱਤੇ ਉਪਲਬਧ ਹਨ।

ਇਹ ਮਹੱਤਵਪੂਰਣ ਉੱਦਮ ਸਕੂਲ ਵਿੱਚ ਨਿਆਂਪੂਰਣ ਅਤੇ ਸ਼ਮੂਲੀਅਤ ਭਰਿਆ ਮਾਹੌਲ ਪੈਦਾ ਕਰਨ ਲਈ ਸਾਨੂੰ ਇੱਕਠਿਆਂ ਮਿਲ ਕੇ ਕੰਮ ਕਰਨ ਵਿੱਚ ਮਦਦ ਕਰੇਗਾ। ਮਾਪੇ ਅਤੇ ਸਰਪ੍ਰਸਤ ਵਿੱਦਿਆ ਵਿੱਚ ਸਾਡੇ ਸੱਭ ਤੋਂ ਮਜ਼ਬੂਤ ਭਾਈਵਾਲ ਹਨ ਅਤੇ ਅਸੀਂ ਤੁਹਾਡੇ ਸਮਰੱਥਨ ਲਈ ਧੰਨਵਾਦ ਕਰਦੇ ਹਾਂ।

ਸ਼ੁਭਚਿੰਤਕ,

Louise Sirisko
ਡਾਇਰੈਕਟਰ ਆਫ ਐਜੁਕੇਸ਼ਨ

ਜੇ ਤੁਹਾਨੂੰ ਇਸ ਪੱਤਰ ਦੀ ਉਲੱਥਾ ਕੀਤੀ ਕਾਪੀ ਚਾਹੀਦੀ ਹੈ ਤਾਂ ਬੋਰਡ ਦੀ ਵੈੱਬਸਾਈਟ www.yrdsb.ca/escs ਉੱਤੇ ਜਾਵੋ।

ਉਲੱਥਾ ਹੇਠ ਲਿਖੀਆਂ ਭਾਸ਼ਾਵਾਂ ਵਿੱਚ ਉਪਲਬਧ ਹੈ:

ਸਾਧਾਰਨ ਚੀਨੀ
ਰਿਵਾਇਤੀ ਚੀਨੀ
ਫਾਰਸੀ
ਗੁਜਰਾਤੀ
ਹੀਬ੍ਰੂ
ਕੋਰੀਅਨ
ਪੰਜਾਬੀ
ਰੂਸੀ
ਤਾਮਿਲ
ਉਰਦੂ
ਵੀਅਤਨਾਮੀ